# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ, ਐਸ.ਏ.ਐਸ ਨਗਰ

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:)
2. ਸਮੂਹ ਪ੍ਰਿੰਸੀਪਲ/ ਮੁਖ ਅਧਿਆਪਕ
   ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਜ਼

ਮੀਮੋ ਨੰ: DPISE-CORD0GENL/46/2021-COORDINATION-DPISE /2021887 785-786
ਮਿਤੀ: 12-03-2021

**ਵਿਸ਼ਾ:-** **ਮਹੀਨੇਵਾਰ ਲੇਖੇ ਅਤੇ ਖਰਚੇ ਸਬੰਧੀ ਰਿਪੋਰਟਾਂ ਤਿਆਰ ਕਰਨ ਦੌਰਾਨ ਪਾਈਆਂ ਗਈਆਂ ਤਰੁਟੀਆਂ ਅਤੇ ਬੇਕਾਇਦਗੀਆਂ ਸਬੰਧੀ।**

ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਬਜਟ-1 ਸ਼ਾਖਾ) ਦੇ ਪੱਤਰ ਨੰ: FD-FB-104/2/2020-3FB1 ਮਿਤੀ: 17-02-2021 ਦੇ ਸਬੰਧ ਵਿੱਚ।

**********

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਪੰਜਾਬ ਸਰਕਾਰ, ਵਿੱਤ ਵਿਭਾਗ ਵੱਲੋਂ ਖਰਚਿਆਂ ਦੇ ਮਿਲਾਣ ਅਤੇ ਆਊਟਸਟੈਂਡਿੰਗ ਏ.ਸੀ ਬਿੱਲਾਂ ਦੇ ਸਬੰਧ ਵਿੱਚ ਗੰਭੀਰ ਨੋਟਿਸ ਲਿਆ ਹੈ। ਇਸ ਲਈ ਭਵਿੱਖ ਵਿੱਚ ਹੇਠ ਦਰਸਾਈਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

1.0 ਡੀ.ਡੀ.ਓ / ਸਕੂਲ ਮੁੱਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਉਹਨਾਂ ਨੂੰ ਅਲਾਟ ਹੋਏ ਬਜਟ ਤੋਂ ਵੱਧ ਖਰਚਾ ਨਾ ਕੀਤਾ ਜਾਵੇ ਅਤੇ ਖਰਚੇ ਨੂੰ ਬਜਟ ਉਪਬੰਧ ਤੱਕ ਹੀ ਸੀਮਿਤ ਰਖਿਆ ਜਾਵੇ।

2.0 ਮੁੱਖ ਦਫਤਰ ਵੱਲੋਂ ਅਲਾਟਿਡ ਬਜਟ ਦੇ ਸਨਮੁੱਖ ਖਰਚਿਆਂ ਦਾ ਮਿਲਾਣ ਮਹਾਂਲੇਖਾਕਾਰ, ਪੰਜਾਬ ਦੇ ਦਫਤਰ ਨਾਲ ਕਰਵਾਇਆ ਜਾਣਾ ਹੁੰਦਾ ਹੈ ਇਸ ਲਈ ਡੀ.ਡੀ.ਓ / ਸਕੂਲ ਮੁੱਖੀ ਆਪਣੇ ਖਰਚਿਆਂ ਦਾ ਬਿਊਰਾ ਅਤੇ ਪ੍ਰਾਪਤੀਆਂ (Receipts) ਸਬੰਧਤ ਜਿਲਾ ਸਿੱਖਿਆ ਅਫਸਰ ਰਾਹੀਂ ਮੁੱਖ ਦਫਤਰ ਨੂੰ ਹਰ ਮਹੀਨੇ ਦੀ 10 ਤਰੀਕ ਤੱਕ ਭੇਜਣਾ ਯਕੀਨੀ ਬਣਾਉਣ ਤਾਂ ਜੋ ਇਹ ਮਿਲਾਣ ਮਹਾਂਲੇਖਾਕਾਰ, ਪੰਜਾਬ ਨਾਲ ਸਮੇਂ ਸਿਰ ਕਰਵਾਇਆ ਜਾ ਸਕੇ।

3.0 ਜੇਕਰ ਕਿਸੇ ਡੀ.ਡੀ.ਓ ਵੱਲੋਂ ਏ.ਸੀ ਬਿੱਲ ਖਜਾਨਾ ਦਫਤਰ ਵਿਖੇ ਭੇਜ ਕੇ ਪੇਮੈਂਟ ਕਰਵਾਈ ਜਾਂਦੀ ਹੈ ਤਾਂ ਉਸ ਬਿੱਲ ਦੇ ਸਨਮੁੱਖ ਡੀ.ਸੀ.ਬਿੱਲ ਸੀਮਿਤ ਸਮੇਂ ਦੇ ਅੰਦਰ-ਅੰਦਰ ਖਜਾਨਾ ਦਫਤਰ ਭੇਜਣਾ ਯਕੀਨੀ ਬਣਾਇਆ ਜਾਵੇ।

ਨੱਥੀ: ਪੱਤਰ ਮਿਤੀ 17-02-2021

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ

File No.FD-FB-104/2/2020-3FB1

581634/2021/EDUCATION-4
I/145572/2021

<u>ਅਤਿ ਜ਼ਰੂਰੀ</u>

ਤੁਰੰਤ

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1 ਸ਼ਾਖਾ)

ਮਿਤੀ, ਚੰਡੀਗੜ੍ਹ: 17-02-2021

ਸੇਵਾ ਵਿਖੇ,

i) ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ii) ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ ਸਰਕਾਰ।

iii) ਸਮੂਹ ਡਵੀਜ਼ਨਾਂ ਦੇ ਕਮਿਸ਼ਨਰ।

iv) ਰਾਜ ਦੇ ਸਮੂਹ ਕਮਿਸ਼ਨਰ, ਜਿਲ੍ਹਾ ਅਤੇ ਸੈਸ਼ਨ ਜੱਜ।

v) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

vi) ਸਕੱਤਰ, ਪੰਜਾਬ ਵਿਧਾਨ ਸਭਾ।

ਵਿਸ਼ਾ:- ਮਹੀਨਾਵਾਰ ਲੇਖੇ ਅਤੇ ਖਰਚੇ ਸਬੰਧੀ ਰਿਪੋਰਟਾਂ ਤਿਆਰ ਕਰਨ ਦੌਰਾਨ ਪਾਈਆਂ ਗਈਆਂ ਤਰੁੱਟੀਆਂ ਅਤੇ ਬੇਕਾਇਦਗੀਆਂ ਸਬੰਧੀ|

********

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵੱਲੋਂ ਪੱਤਰ ਨੰ: 4/5/2018-3ਵਿ.ਬ.1/1402628/1-5 ਮਿਤੀ 24 ਜਨਵਰੀ, 2019, ਪੱਤਰ ਮਿਤੀ 9-4-2019 ਅਤੇ File No. FD-FB-104/2/2020-3FB1 I/7380/2020 ਮਿਤੀ 21-1-2020 ਅਤੇ 24-7-2020 ਰਾਹੀਂ ਵਾਰ ਵਾਰ ਹਦਾਇਤ ਕਰਨ ਦੇ ਬਾਵਜੂਦ ਅਜੇ ਵੀ ਰਾਜ ਸਰਕਾਰ ਦੇ ਲੇਖੇ ਅਤੇ ਖਰਚੇ ਸਬੰਧੀ ਰਿਪੋਰਟਾਂ ਤਿਆਰ ਕਰਨ ਦੌਰਾਨ ਆਮ ਤੌਰ ਤੇ ਦਫ. ਮਹਾਲੇਖਾਕਾਰ, ਪੰਜਾਬ, ਚੰਡੀਗੜ੍ਹ ਵਲੋਂ ਉਨਾਂ ਦੇ ਪੱਤਰ ਮਿਤੀ 9-9-2019, 27-12-2019, 2-6-2020, 8-7-2020 ਅਤੇ 12-10-2020 ਅਤੇ 18-11-2020 ਰਾਹੀਂ ਸੂਚਿਤ ਕੀਤੇ ਅਨੁਸਾਰ, ਹੇਠ ਲਿਖੀਆਂ ਬੇਕਾਇਦਗੀਆਂ ਪਾਈਆਂ ਜਾ ਰਹੀਆਂ ਹਨ :-

1) ਜਿਆਦਾਤਰ ਖਜਾਨਾ ਦਫਤਰਾਂ ਵੱਲੋਂ ਅਜੇ ਵੀ ਬੁੱਕ ਕੀਤੇ ਖਰਚੇ ਸਬੰਧੀ ਲੋੜੀਂਦੇ ਵੇਰਵੇ/ਵਾਊਚਰ ਦਫਤਰ ਮਹਾਲੇਖਾਕਾਰ, ਪੰਜਾਬ, ਚੰਡੀਗੜ੍ਹ ਨੂੰ ਮੁਹੱਈਆ ਨਹੀਂ ਕਰਵਾਏ ਜਾ ਰਹੇ, ਜਿਸ ਕਾਰਨ ਮਹਾਲੇਖਾਕਾਰ, ਪੰਜਾਬ, ਚੰਡੀਗੜ੍ਹ ਨੂੰ ਕੁਝ ਰਕਮਾਂ ਖਜਾਨਾ/ਓ.ਬੀ. ਸਸਪੈਂਸ ਅਧੀਨ ਬੁੱਕ ਕਰਨੀਆਂ ਪੈ ਰਹੀਆਂ ਹਨ|

2) ਕਈ ਕੰਟਰੋਲਿੰਗ ਅਫਸਰਾਂ ਵੱਲੋਂ ਅਜੇ ਵੀ ਖਰਚੇ ਅਤੇ ਪ੍ਰਾਪਤੀ ਸਬੰਧੀ ਅੰਕੜਿਆਂ ਦਾ ਮਿਲਾਨ ਮਹਾਲੇਖਾਕਾਰ, ਪੰਜਾਬ, ਚੰਡੀਗੜ੍ਹ ਨਾਲ ਸਮੇਂ ਸਿਰ ਮੁਕੰਮਲ ਨਹੀਂ ਕੀਤਾ ਜਾ ਰਿਹਾ|

3) ਮਹੀਨਾ ਮਈ, 2020 ਦੇ ਅਖੀਰ ਤੱਕ ਆਊਟਸਟੈਂਡਿੰਗ ਏ.ਸੀ ਬਿੱਲਾਂ ਦੀ ਗਿਣਤੀ 716 ਹੋ ਚੁੱਕੀ ਹੈ, ਜਿਨ੍ਹਾਂ ਦੀ ਰਕਮ 2004.87 ਕਰੋੜ ਰੁਪਏ ਬਣਦੀ ਹੈ, ਵਿੱਚੋਂ 334 ਬਿੱਲ ਤਾਂ ਸਾਲ 2013-14 ਤੋਂ 2018-19 ਦੇ ਸਮੇਂ ਦੇ ਹੀ ਹਨ|

2. ਉਪਰੋਕਤ ਤੋਂ ਇਹ ਪਤਾ ਚਲਦਾ ਹੈ ਕਿ ਵਿੱਤ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ| ਇਸ ਲਈ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਕੰਟਰੋਲਿੰਗ ਅਫਸਰਾਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਖਰਚੇ ਨੂੰ ਬਜਟ ਉਪਬੰਧ ਤੱਕ ਹੀ ਸੀਮਿਤ ਰੱਖਣ ਅਤੇ ਆਪਣੇ ਆਊਟਸਟੈਂਡਿੰਗ ਏ.ਸੀ ਬਿਲ੍ਹਾਂ ਦੇ ਸਬੰਧਤ ਡੀਸੀ ਬਿਲ ਤੁਰੰਤ ਜਮ੍ਹਾਂ ਕਰਵਾਉਣ| ਭਵਿੱਖ ਵਿੱਚ ਵੀ ਪ੍ਰਮੁੱਖ ਮਹਾਂਲੇਖਾਕਾਰ ਨਾਲ ਹਰ ਮਹੀਨੇ ਅੰਕੜਿਆਂ ਦਾ ਮਿਲਾਨ ਅਤੇ ਏ.ਸੀ ਬਿਲਾਂ ਰਾਹੀਂ ਕਢਵਾਈਆਂ ਰਕਮਾਂ ਦੇ ਸਬੰਧਤ ਡੀ.ਸੀ ਬਿਲ ਸਮੇਂ

ਸਿਰ ਅਤੇ ਕਿਸੇ ਵੀ ਸੂਰਤ ਵਿੱਚ ਅਗਲਾ ਏ.ਸੀ ਬਿਲ ਭੇਜਣ ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ| ਜਿਹਨਾਂ ਵਿਭਾਗਾਂ ਵੱਲੋਂ ਅਜੇ ਤੱਕ ਆਪਣੇ ਪੈਂਡਿੰਗ ਏ.ਸੀ ਬਿੱਲ ਜਮ੍ਹਾਂ ਨਹੀਂ ਕਰਵਾਏ ਗਏ ਹਨ, ਉਹਨਾਂ ਵੱਲੋਂ ਲੋੜੀਂਦੀ ਕਾਰਵਾਈ ਪੂਰੀ ਕੀਤੇ ਜਾਣ ਤੱਕ ਉਹਨਾਂ ਦੇ ਅਗਲੇ ਏ.ਸੀ ਬਿੱਲਾਂ ਦੇ ਭੁਗਤਾਨ ਨਹੀਂ ਕੀਤੇ ਜਾਣਗੇ| ਉਕਤ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਅਤੇ ਬਾਰੇ ਵਿੱਤ ਵਿਭਾਗ ਨੂੰ ਜਾਣੂ ਕਰਵਾਇਆ ਜਾਵੇ|

ਵਿਸ਼ਵਾਸਪਾਤਰ,

(ਹਰਵਿੰਦਰ ਸਿੰਘ)

ਬਜਟ ਅਫਸਰ

ਪਿੱਠ.ਅੰਕਣ:ਨੰ: 4/5/2018-3ਵਿ.ਬ.1/145572 ਮਿਤੀ,ਚੰਡੀਗੜ੍ਹ 17-02-2021

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ, ਚੰਡੀਗੜ੍ਹ; ਸਮੂਹ ਜਿਲ੍ਹਾ ਖਜਾਨਾ ਅਫਸਰਾਂ ਅਤੇ ਉਪ ਜਿਲ੍ਹਾ ਖਜਾਨਾ ਅਫਸਰਾਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਖਜਾਨਾ ਦਫਤਰਾਂ ਵੱਲੋਂ ਬੁੱਕ ਕੀਤੇ ਖਰਚੇ ਸਬੰਧੀ ਲੋੜੀਂਦੀ ਡਿਟੇਲ/ਵਾਊਚਰ ਪ੍ਰਮੁੱਖ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ ਨੂੰ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ| ਨਾਲ ਹੀ ਜਿਹਨਾਂ ਵਿਭਾਗਾਂ ਵੱਲੋਂ ਆਪਣੇ ਪੈਂਡਿੰਗ ਡੀ.ਸੀ ਬਿੱਲ ਵੀ ਜਮ੍ਹਾਂ ਨਹੀਂ ਕਰਵਾਏ ਗਏ ਹਨ, ਉਹਨਾਂ ਵੱਲੋਂ ਲੋੜੀਂਦੀ ਕਾਰਵਾਈ ਪੂਰੀ ਕੀਤੇ ਜਾਣ ਤੱਕ ਸਬੰਧਤ ਵਿਭਾਗਾਂ ਦੇ ਅਗਲੇ ਏ.ਸੀ ਬਿਲਾਂ ਦੇ ਭੁਗਤਾਨ ਨਾ ਕੀਤੇ ਜਾਣ|

ਬਜਟ ਅਫਸਰ

ਪਿੱਠਅੰਕਣ.ਨੰ:4/5/2018-3ਵਿ.ਬ.1/145572 ਮਿਤੀ,ਚੰਡੀਗੜ੍ਹ 17-02-2021

ਉਪਰੋਕਤ ਦਾ ਇੱਕ ਉਤਾਰਾ ਰੈਜੀਡੈਂਟ ਕਮਿਸ਼ਨਰ, ਪੰਜਾਬ ਭਵਨ, ਨਵੀਂ ਦਿੱਲੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੇਂਦਰ ਸਰਕਾਰ ਕੋਲੋਂ ਪੰਜਾਬ ਸਰਕਾਰ ਦੇ ਪੈਂਡਿੰਗ ਕਲੇਮ ਕਲੀਅਰ ਕਰਵਾਉਣ ਸਬੰਧੀ PAOs, ਵਿੱਤ ਮੰਤਰਾਲਾ, ਆਰਥਿਕ ਮਾਮਲੇ ਵਿਭਾਗ ਅਤੇ ਜਮੀਨੀ ਆਵਾਜਾਈ ਮੰਤਰਾਲਾ ਨਾਲ ਮਾਮਲਾ ਟੇਕ-ਅੱਪ ਕਰਨ ਦੀ ਕ੍ਰਿਪਾਲਤਾ ਕਰਨ|

ਬਜਟ ਅਫਸਰ

ਪਿੱਠਅੰਕਣਨੰ:4/5/2018-3ਵਿ.ਬ.1/ 145572 ਮਿਤੀ,ਚੰਡੀਗੜ੍ਹ 17-02-2021

ਉਪਰੋਕਤ ਦਾ ਇੱਕ ਉਤਾਰਾ ਮਹਾਂਲੇਖਾਕਾਰ (ਏ.ਐਂਡ ਈ.), ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਅ:ਸ:ਪੱ:ਨੰ:Appn.A/cs/144/RoE/2020-21/855, ਮਿਤੀ 12.10.2020 ਅਤੇ 18-11-2020 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ|

ਬਜਟ ਅਫਸਰ